ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-4 ਸ਼ਾਖਾ)

ਹੁਕਮ

ਪੰਜਾਬ ਰਾਜ ਵਿਚ ਕੰਮ ਕਰ ਰਹੇ ਮੁੱਖ ਅਧਿਆਪਕਾਂ/ਮੁੱਖ ਅਧਿਆਪਕਾਵਾਂ ਵਿਚੋਂ ਬਤੌਰ ਪੀ.ਈ.ਐਸ. (ਸਕੂਲ ਤੇ ਇੰਸਪੈਕਸਨ) ਗਰੁੱਪ-ਏ ਵਿਚ ਤਰੱਕੀਆਂ ਕਰਨ ਲਈ ਪਾਤਰਤਾ ਨਿਰਧਾਰਿਤ ਕਰਨ ਲਈ ਵਿਭਾਗ ਵਲੋਂ ਮਿਤੀ 30.1.2014 ਅਤੇ 31.1.2014 ਨੂੰ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਰੱਖੀ ਗਈ ਸੀ। ਵਿਭਾਗੀ ਤਰੱਕੀ ਕਮੇਟੀ ਵਲੋਂ ਮੀਟਿੰਗ ਵਿਚ ਪ੍ਰਵਾਨ ਕੀਤੇ/ਲਏ ਗਏ ਫੈਸਲੇ ਅਨੁਸਾਰ 300 ਮੁੱਖ ਅਧਿਆਪਕ/ਮੁੱਖ ਅਧਿਆਪਕਾਂਵਾਂ ਨੂੰ ਪੀ.ਈ.ਐਸ. (ਸਕੂਲ ਤੇ ਇੰਸਪੈਕਸ਼ਨ ਕਾਡਰ) ਗਰੁੱਪ-ਏ ਵਿਚ ਪਦਉਨਤ ਕਰਨ ਸਬੰਧੀ ਪੱਤਰ ਨੰਬਰ 1/150/2013-2ਸਿ4/1318-1673 ਮਿਤੀ 2.4.2014 ਰਾਂਹੀ ਹੁਕਮ ਜਾਰੀ ਕਰ ਦਿੱਤੇ ਗਏ ਸਨ। ਉਸ ਸਮੇਂ ਧਿਆਨ ਵਿਚ ਆਇਆ ਸੀ ਕਿ ਸ੍ਰੀ ਰਾਮ ਮੂਰਤੀ, ਮੁੱਖ ਅਧਿਆਪਕ ਅਤੇ ਸ੍ਰੀ ਰਵਿੰਦਰ ਸਿੰਘ, ਮੁੱਖ ਅਧਿਆਪਕ ਦੀ ਬਤੌਰ ਮੁੱਖ ਅਧਿਆਪਕ ਨਿਯੁਕਤੀ ਰੱਦ ਕਰਨ ਸਬੰਧਤੀ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ, ਇਸ ਲਈ ਇਨ੍ਹਾਂ ਕਰਮਚਾਰੀਆਂ ਦੇ ਬਤੌਰ ਪੀ ਈ ਐਸ ਪਦਉਨਤੀ ਦੇ ਹੁਕਮ ਜਾਰੀ ਨਹੀਂ ਕੀਤੇ ਗਏ ਸਨ। ਇਨ੍ਹਾਂ ਕਰਮਚਾਰੀਆਂ ਦੀ ਬਤੌਰ ਮੁੱਖ ਅਧਿਆਪਕ ਨਿਯੁਕਤੀ ਸਰਕਾਰ ਵਲੋਂ ਹੁਕਮ ਨੰਬਰ 1/377/2013-5ਸਿ2/340655/1-4 ਮਿਤੀ 10-11-2014 ਰਾਂਹੀ ਰੱਦ ਕਰ ਦਿੱਤੀ ਗਈ ਸੀ। ਜਿਸ ਵਿਰੁੱਧ ਉਨ੍ਹਾਂ ਨੂੰ ਮਾਨਯੋਗ ਕੋਰਟ ਵਲੋਂ ਸਿਵਲ ਰਿੱਟ ਪਟੀਸਨ ਨੰਬਰ 23302 ਆਫ 2014 ਵਿਚ ਸਟੇਅ ਮਿਲ ਜਾਣ ਕਾਰਨ ਮੁੜ ਜੁਆਇੰਨ ਕਰਵਾ ਲਿਆ ਗਿਆ ਸੀ। ਹੁਣ ਸਰਕਾਰ ਵਲੋਂ ਹੁਕਮ ਨੰਬਰ 617179/6 ਮਿਤੀ 28-10-2015 ਰਾਂਹੀ ਇਨ੍ਹਾਂ ਕਰਮਚਾਰੀਆਂ ਵਿਰੁੱਧ ਬਤੌਰ ਮੁੱਖ ਅਧਿਆਪਕ ਨਿਯੁਕਤੀ ਰੱਦ ਕਰਨ ਦੇ ਹੁਕਮ ਮਿਤੀ 10-11-2014 ਨੂੰ ਵਾਪਸ ਲੈ ਲਿਆ ਗਿਆ ਹੈ।

2. ਇਨ੍ਹਾਂ ਕਰਮਚਾਰੀਆਂ ਦਾ ਸਰਵਿਸ ਰਿਕਾਰਡ ਡੀ.ਪੀ.ਸੀ .ਦੌਰਾਨ ਸਹੀ ਪਾਇਆ ਗਿਆ ਸੀ। ਇਸ ਲਈ ਹੇਠ ਲਿਖੇ ਮੁੱਖ ਅਧਿਆਪਕਾਂ ਨੂੰ ਪੰਜਾਬ ਐਜੂਕੇਸ਼ਨਲ ਸਰਵਿਸ (ਸਕੂਲ ਤੇ ਇੰਸਪੈਕਸ਼ਨ) ਰੂਲਜ, 2004 ਅਨੁਸਾਰ ਪੇਅ ਸਕੇਲ 15600-39100 + 6600 ਗ੍ਰੇਡ ਪੇਅ ਵਿਚ ਪ੍ਰੋਵੀਜਨਲ ਤੌਰ ਤੇ ਬਤੌਰ ਪੀ.ਈ.ਐਸ. (ਸਕੂਲ ਤੇ ਇੰਸਪੈਕਸਨ) ਗਰੁੱਪ-ਏ ਵਿਚ ਪਦਉਨਤ ਕੀਤਾ ਜਾਂਦਾ ਹੈ:-

| ਲੜੀ ਨੰ: | ਸੀਨੀ ਨੰ | ਨਾਮ/ਮੌਜੂਦਾ ਤੈਨਾਤੀ ਸਥਾਨ<br>ਸਰਵ ਸ੍ਰੀ/ਸ੍ਰੀਮਤੀ | ਕੈਟਾਗਰੀ |
|---|---|---|---|
| 1. | 343 | ਰਾਮ ਮੂਰਤੀ,ਸਹਾਸ ਬਾਈ ਲੋਧੀ, ਜ਼ਿਲ੍ਹਾ ਪਠਾਨਕੋਟ। | ਜਨਰਲ |
| 2. | 347 | ਰਵਿੰਦਰ ਸਿੰਘ, ਸਹਾਸ ਕੋਟਲਾ ਪਾਵਰ ਹਾਊਸ, ਰੂਪਨਗਰ | ਜਨਰਲ |

3. ਉਕਤ ਅਧਿਕਾਰੀਆਂ ਦੀ ਪਦਉਨਤੀ ਇਨ੍ਹਾਂ ਤੋਂ ਜੂਨੀਅਰ ਅਧਿਕਾਰੀਆਂ ਦੀ ਤਰੱਕੀ ਦੀ ਮਿਤੀ ਭਾਵ 2.4.2014 ਤੋਂ ਲਾਗੂ ਹੋਵੇਗੀ। ਮਿਤੀ 2.4.2014 ਤੋਂ ਆਰਡਰ ਜਾਰੀ ਹੋਣ ਤੱਕ ਦੀ ਮਿਤੀ ਤੱਕ ਦੀ ਤਰੱਕੀ ਨੋਸ਼ਨਲ ਹੋਵੇਗੀ। ਇਨ੍ਹਾਂ ਦੀ ਤੈਨਾਤੀ ਬਾਅਦ ਵਿਚ ਕੀਤੀ ਜਾਵੇਗੀ।

4. ਇਹ ਹੁਕਮ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਸਿਵਲ ਰਿੱਟ ਪਟੀਸ਼ਨ ਨੰਬਰ 19400/2012-ਇਕਬਾਲ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਵਿਚ ਮਿਤੀ 23.7.2013 ਅਤੇ ਸੀ.ਓ.ਸੀ.ਪੀ. ਨੰਬਰ 596 ਆਫ 2014 ਅਤੇ 658 ਆਫ 2014 ਵਿਚ ਮਿਤੀ 31.3.2014 ਨੂੰ ਦਿੱਤੇ ਆਦੇਸਾਂ ਦੀ ਪਾਲਣਾ ਵਿਚ ਕੀਤੇ ਜਾਂਦੇ ਹਨ।

5. ਇਹ ਤਰੱਕੀਆਂ ਬਿੱਲਕੁਲ ਆਰਜ਼ੀ ਹੋਣਗੀਆਂ। ਪੀ.ਈ.ਐਸ. ਗਰੁੱਪ-ਏ ਵਿਚ ਸੀਨੀਆਰਤਾ ਬਾਅਦ ਵਿਚ ਨਿਰਧਾਰਿਤ ਕੀਤੀ ਜਾਵੇਗੀ।

6. ਇਨ੍ਹਾਂ ਅਧਿਕਾਰੀਆਂ ਦਾ ਪਰਖਕਾਲ ਇੱਕ ਸਾਲ ਜਾਂ ਪੰਜਾਬ ਲੋਕ ਸੇਵਾ ਕਮਿਸਨ ਤੋਂ ਪ੍ਰਵਾਨਗੀ ਪ੍ਰਾਪਤ ਹੋਣ ਤੱਕ ਜਿਹੜੀ ਵੀ ਸਥਿਤੀ ਬਾਅਦ ਵਿਚ ਵਾਪਰੇ ਤੱਕ ਹੋਵੇਗਾ।

7. ਸਰਕਾਰ ਵਲੋਂ ਪਦਉਨਤੀਆਂ ਦੇ ਕੇਸਾਂ ਅਤੇ ਸੀਨੀਆਰਤਾ ਨਿਸ਼ਚਿਤ ਕਰਨ ਲਈ ਲਏ ਗਏ ਫੈਸਲੇ ਸਬੰਧਤ ਪਦਉਨਤ ਸਾਰੇ ਅਧਿਕਾਰੀਆਂ ਲਈ ਮੰਨਣਯੋਗ ਹੋਣਗੇ। ਇਹ ਅਧਿਕਾਰੀ 07 ਦਿਨਾਂ ਦੇ ਅੰਦਰ ਅੰਦਰ ਆਪਣੀ ਹਾਜ਼ਰੀ ਰਿਪੋਰਟ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿ) ਕੋਲ ਪੇਸ਼ ਕਰਨਗੇ। ਜਦੋਂ ਤੱਕ ਨਵੀਂ ਤੈਨਾਤੀ ਨਹੀਂ ਹੋ ਜਾਂਦੀ ਤੱਦ ਤੱਕ ਇਹ ਅਧਿਕਰੀ ਆਪਣੇ ਪੁਰਾਣੇ ਸਕੂਲਾਂ ਵਿਚ ਹੀ ਕੰਮ ਕਰਦੇ ਰਹਿਣਗੇ।

8. ਜੇਕਰ ਨਿਸ਼ਚਿਤ ਸਮੇਂ ਦੇ ਅੰਦਰ ਪਦਉਨਤ ਹੋਏ ਅਧਿਕਾਰੀਆਂ ਵਲੋਂ ਆਪਣੀ ਹਾਜਰੀ ਰਿਪੋਰਟ ਪੇਸ਼ ਨਹੀਂ ਕੀਤੀ ਗਈ ਤਾਂ ਉਸਨੂੰ ਨਿਯਮਾਂ ਅਨੁਸਾਰ 02 ਸਾਲ ਲਈ ਤਰੱਕੀ ਦੇ ਹੱਕ ਤੋਂ ਡੀਬਾਰ ਕਰ ਦਿੱਤਾ ਜਾਵੇਗਾ।

ਮਿਤੀ,ਚੰਡੀਗੜ੍ਹ:
09 ਨਵੰਬਰ 2015

ਸੀ ਰਾਊਲ
ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ
ਸਿੱਖਿਆ ਵਿਭਾਗ (ਸਕੂਲਜ)

ਪਿੱਠ ਅੰਕਣ ਨੰ:1/150/2013-2ਸਿ4/62709/1-14 ਮਿਤੀ,ਚੰਡੀਗੜ੍ਹ: 18/11/15

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ, (ਏ.ਐਂਡ.ਈ) ਆਡਿਟ ਵਿੰਗ,ਪੰਜਾਬ,ਚੰਡੀਗੜ੍ਹ।
2. ਸਕੱਤਰ,ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ।
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਅਜੀਤਗੜ੍ਹ । ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾਂ ਦੀ ਕਾਪੀ ਐਸ.ਐਸ.ਏ. ਦੀ ਵੈਬਸਾਈਟ ਤੇ ਤੁਰੰਤ ਅੱਪਲੋਡ ਕਰਵਾਉਣ ਦੀ ਖੇਚਲ ਕੀਤੀ ਜਾਵੇ।
4. ਡਾਇਰੈਕਟਰ, ਸਿੱਖਿਆ ਵਿਭਾਗ (ਸੈਸਿ),ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਅਜੀਤਗੜ੍ਹ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਪਦਉਨਤ ਹੋਏ ਅਧਿਕਾਰੀਆਂ ਦੀ

O/o DGSE Cum SPD
Sarva Shiksha Abhiyan Authority (Pb)
Central Dairy
No. 4427 Dt. 24/11/15

ਪਦਉਨਤੀ ਨਿਯਮਿਤ ਕਰਵਾਉਣ ਲਈ ਰਿਕਾਰਡ ਸਿੱਧੇ ਹੀ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ ਅਤੇ ਸਰਕਾਰ ਨੂੰ ਵੀ ਸੂਚਿਤ ਕੀਤਾ ਜਾਵੇ।

5. ਡਾਇਰੈਕਟਰ, ਸਿੱਖਿਆ ਵਿਭਾਗ (ਐਸਿ), ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਅਜੀਤਗੜ੍ਹ।
6. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ।
7. ਜ਼ਿਲ੍ਹਾ ਸਿੱਖਿਆ ਅਫਸਰ (ਸੈਸਿ), ਪਠਾਨਕੋਟ, ਰੂਪਨਗਰ।
8. ਸਬੰਧਤ ਅਧਿਕਾਰੀ।

ਸੁਪਰਡੰਟ

<u>ਅੰਦਰੂਨੀ ਵੰਡ</u>

1. ਨਿੱਜੀ ਸਕੱਤਰ/ਪ੍ਰਸਸਿ
2. ਨਿੱਜੀ ਸਕੱਤਰ/ਸਸਿ
3. ਡਾਇਰਸਿਟ।